Sl. No. :

नामांक Roll No.

| | | | | | | |
|---|---|---|---|---|---|---|
| | | | | | | |

Tear Here

No. of Questions — 28

No. of Printed Pages — 7

# S—75—Punjabi (T.L.) (D&D)

## SECONDARY (D & D) EXAMINATION, 2021

## PUNJABI

### ( THIRD LANGUAGE )

**Time : 4 $\frac{1}{4}$ Hours**

**Maximum Marks : 80**

प्रश्न पुस्तिका को खोलने के लिए यहाँ फाड़ें
TEAR HERE TO OPEN THE QUESTION PAPER

ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :

1. ਪ੍ਰੀਖਿਆਰਥੀ ਸਭ ਤੋਂ ਪਹਿਲਾਂ ਆਪਣੇ ਪ੍ਰਸ਼ਨ-ਪੱਤਰ 'ਤੇ ਆਪਣਾ ਰੋਲ ਨੰਬਰ ਜ਼ਰੂਰ ਲਿਖਣ।
2. ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹਨ।ਸਾਰੇ ਪਸ਼ਨਾਂ ਦੇ ਅੰਕ ਸਾਹਮਣੇ ਅੰਕਿਤ ਹਨ। ਪ੍ਰਸ਼ਨ ਨੰਬਰ 20 ਤੋਂ 28 ਤੱਕ ਆਂਤਰਿਕ ਵਿਕੱਲਪ ਹਨ।
3. ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾ 'ਤੇ ਹੀ ਲਿਖੋ। ਜਿਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਬਰਾਬਰ ਅੰਕ ਵਾਲ਼ੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇੱਕ ਥਾਂ 'ਤੇ ਇੱਕ ਹੀ ਤਰਤੀਬ ਵਿੱਚ ਲਿਖੋ।

4. ਪ੍ਰਸ਼ਨਾਂ ਦਾ ਅੰਕਭਾਰ ਨਿਮਨ ਅਨੁਸਾਰ ਹੈ :

| ਖੰਡ | ਪ੍ਰਸ਼ਨਾਂ ਦੀ ਸੰਖਿਆ | ਅੰਕ ਪ੍ਰਤੀਏਕ ਪ੍ਰਸ਼ਨ | ਕੁੱਲ ਅੰਕਭਾਰ |
|---|---|---|---|
| ਖੰਡ - ੳ | 1 (i ਤੋਂ x), 2 ਤੋਂ 11 = 20 | 1 | 20 |
| ਖੰਡ - ਅ | 12 ਤੋਂ 19 = 8 | 2 | 16 |
| ਖੰਡ - ੲ | 20 ਤੋਂ 23 = 4 | 4 | 16 |
| ਖੰਡ - ਸ | 24 ਤੋਂ 25 = 2 | 5 | 10 |
| ਖੰਡ - ਹ | 26 ਤੋਂ 28 = 3 | 6 | 18 |

## ਖੰਡ (ੳ)

1. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕੱਲਪਾਂ ਦੀ ਚੋਣ ਕਰੋ :- 10 × 1 = 10

(i) ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਓ ਮਾਝਾ ਦੁਧੁ॥

ਉਪਰੋਕਤ ਸਤਰ ਵਿੱਚ ਆਏ 'ਮਾਖਿਓ' ਸ਼ਬਦ ਦਾ ਅਰਥ ਹੈ :-

(ੳ) ਸ਼ਹਿਦ (ਅ) ਗੁੜ

(ੲ) ਖੰਡ (ਸ) ਮਿਸ਼ਰੀ

(ii) ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆਂ ਤਤੁ।

ਉਪਰੋਕਤ ਕਾਵਿ ਤੁਕ ਕਿਸ ਕਵੀ ਦੀ ਰਚਨਾ ਵਿੱਚੋਂ ਲਈ ਗਈ ਹੈ?

(ੳ) ਗਗਨ ਮੈ ਥਾਲੁ (ਆਰਤੀ) (ਅ) ਸਿੰਮਲ ਰੁਖੁ ਸਰਾਇਰਾ

(ੲ) ਖੁਰਾਸਾਨ ਖਸਮਾਨਾ ਕੀਆ (ਸ) ਮਨ ਤੂੰ ਜੋਤਿ ਸਰੂਪ ਹੈ।

(iii) 'ਆਓ ਸਈਓ ਰਲ ਦਿਓ ਨੀ ਵਧਾਈ।' ..................... ਤੁਕ ਕਿਸ ਕਵੀ ਦੀ ਹੈ?

(ੳ) ਬੁੱਲ੍ਹੇ ਸ਼ਾਹ (ਅ) ਮੀਆਂ ਵਜੀਦ

(ੲ) ਗੁਰੂ ਰਾਮ ਦਾਸ ਜੀ (ਸ) ਪ੍ਰੋ. ਮੋਹਨ ਸਿੰਘ

(iv) ਹੇਠ ਲਿਖੀਆਂ ਵਿੱਚੋਂ ਕਿਹੜੀ ਕਵਿਤਾ ਸ਼ਿਵ ਕੁਮਾਰ ਬਟਾਲਵੀ ਦੀ ਹੈ?

(ੳ) ਮਾਂ (ਅ) ਤੈਨੂੰ ਦਿਆਂ ਹੰਝੂਆਂ ਦਾ ਭਾੜਾ

(ੲ) ਤਮਗ਼ੇ (ਸ) ਸੁੰਨੇ ਸੁੰਨੇ ਰਾਹਾਂ ਵਿੱਚ।

(v) 'ਦੁੱਧ ਦਾ ਛੱਪੜ' ਕਹਾਣੀ ਦੇ ਕਹਾਣੀਕਾਰ ਦਾ ਨਾਂ ਚੁਣੋ:-

(ੳ) ਗੁਰਬਖ਼ਸ਼ ਸਿੰਘ ਪ੍ਰੀਤਲੜੀ (ਅ) ਸੰਤੋਖ ਸਿੰਘ ਧੀਰ

(ੲ) ਕੁਲਵੰਤ ਸਿੰਘ ਵਿਰਕ (ਸ) ਸੰਤ ਸਿੰਘ ਸੇਖੋਂ

(vi) 'ਸਾਂਝੀ ਕੰਧ' ਕਹਾਣੀ ਦੇ ਪਾਤਰ ਦਾ ਨਾਂ ਹੈ:-

(ੳ) ਕਪੂਰ ਸਿੰਘ (ਅ) ਲਾਲ

(ੲ) ਦਿਆਲ (ਸ) ਮੇਜਰ ਸਾਹਿਬ।

(vii) "ਵਧੀਆ ਸਿਗਰਟਾਂ ਦਾ ਧੂੰਆਂ ਤਾਂ ਕਈ ਵਾਰ ਸਾਡੇ ਅੰਗਰੇਜ਼ ਅਫ਼ਸਰਾਂ ਸਾਡੇ ਮੂੰਹਾਂ ਤੇ ਮਾਰਿਆ ਹੈ, ਉਸ ਧੂੰਏਂ ਦੀ ਸਾਨੂੰ ਆਦਤ ਹੈ।"

ਇਹ ਸਤਰ ਕਿਹੜੀ ਕਹਾਣੀ ਨਾਲ ਸੰਬੰਧਤ ਹੈ:-

(ੳ) ਪਹੁਤਾ ਪਾਂਧੀ (ਅ) ਦੁੱਧ ਦਾ ਛੱਪੜ

(ੲ) ਸਾਂਝੀ ਕੰਧ (ਸ) ਖ਼ੂਨ।

(viii) ਹੇਠ ਲਿਖਿਆਂ ਵਿੱਚੋਂ ਕਿਹੜਾ ਕਿਲ੍ਹਾ ਅਰਾਵਲੀ ਪਰਬਤ ਦੀਆਂ ਪਹਾੜੀਆਂ ਨਾਲ ਘਿਰਿਆ ਹੋਇਆ ਹੈ :-

(ੳ) ਰਣਥੰਭੋਰ ਦਾ ਕਿਲ੍ਹਾ (ਅ) ਗਾਗਰੋਂਣ ਦਾ ਕਿਲ੍ਹਾ

(ੲ) ਜੈਸਲਮੇਰ ਦਾ ਕਿਲ੍ਹਾ (ਸ) ਜੂਨਾਗੜ੍ਹ ਦਾ ਕਿਲ੍ਹਾ

(ix) 'ਮਹਾਰਾਜਾ ਗੰਗਾ ਸਿੰਘ ' ਨਿਬੰਧ ਦਾ ਲੇਖਕ ਹੈ :-

(ੳ) ਪ੍ਰੋ. ਪੂਰਨ ਸਿੰਘ (ਅ) ਹਰਪਾਲ ਸਿੰਘ ਲੱਖੀਆਂ

(ੲ) ਬਲਜਿੰਦਰ ਸਿੰਘ ਭੁੱਲਰ (ਸ) ਪ੍ਰਿੰ. ਤੇਜਾ ਸਿੰਘ

(x) ਗੰਗਾਦੀਨ ਦੀ ਦੁਕਾਨ ਕਿਹੜੇ ਸ਼ਹਿਰ ਵਿੱਚ ਸੀ :-

(ੳ) ਅੰਮ੍ਰਿਤਸਰ (ਅ) ਪਟਿਆਲਾ

(ੲ) ਬਠਿੰਡਾ (ਸ) ਜਲੰਧਰ।

2-8 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਪੰਗਤੀ ਵਿੱਚ ਦਿਓ- 7 × 1 = 7

2. ਪ੍ਰੋ. ਮੋਹਨ ਸਿੰਘ ਦਾ ਜਨਮ ਕਦੋਂ ਹੋਇਆ ?

3. 'ਵਿਸਾਖੀ ਦਾ ਮੇਲਾ' ਕਵਿਤਾ ਵਿੱਚ ਕਵੀ ਕਿਹੜੇ ਫ਼ਲਾਂ ਦਾ ਜ਼ਿਕਰ ਕਰਦਾ ਹੈ ?

4. 'ਦੁੱਧ ਦਾ ਛੱਪੜ' ਕਹਾਣੀ ਦੇ ਪਾਤਰ ਲਾਲ ਤੇ ਦਿਆਲ ਦਾ ਆਪਸੀ ਰਿਸ਼ਤਾ ਕੀ ਹੈ ?

5. ਮਿਲਖਾ ਸਿੰਘ ਏਸ਼ੀਆ ਦਾ ਬੈਸਟ ਐਥਲੀਟ ਕਦੋਂ ਬਣਿਆ ?

6. ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ :-

ਹਾਜ਼ਰ, ਉਜਾੜਨਾ

7. ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ :-

ਠੀਕ, ਗੁਪਤ

8. ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ :-

ਉੱਚਾ, ਸੁਖਾਂਤ

9-11. ਹੇਠ ਲਿਖੀਆਂ ਖ਼ਾਲੀ ਥਾਂਵਾਂ ਭਰੋ :- 3 × 1 = 3

9. ਸਿਕੰਜਵੀਂ ਵਾਲ਼ਾ -------------- ਦੀ ਚਿੰਤਾ ਕਰ ਰਿਹਾ ਸੀ।

10. ਰਾਵ ਬੀਕਾ ਜੀ ਨੇ --------------- ਰਿਆਸਤ ਸਥਾਪਤ ਕੀਤੀ।

11. ਜਲੰਧਰ ਜ਼ਿਲ੍ਹੇ ਵਿੱਚ ---------------- ਉਪਭਾਸ਼ਾ ਬੋਲੀ ਜਾਂਦੀ ਹੈ।

## ਖੰਡ (ਅ)

12-19 ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ। 8 × 2 = 16

12. 'ਪੜ੍ਹ ਕਰਿ ਪੰਡਿਤ' ਸ਼ਲੋਕ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ।

13. 'ਹਾਲੀ ਦਾ ਗੀਤ' ਕਵਿਤਾ ਅਨੁਸਾਰ ਵਹੁਟੀ ਦਾਜ਼ ਵਿੱਚ ਕੀ ਕੁੱਝ ਲਿਆਈ ਹੈ।

14. ਗੱਡੀ ਵਿੱਚ ਚੜ੍ਹੇ ਭਾਰੇ ਸੱਜਣ ਨੂੰ ਬੈਠਣ ਲਈ ਸੀਟ ਕਿਵੇਂ ਮਿਲੀ?

15. 'ਸਾਂਝੀ ਕੰਧ' ਤੋਂ ਕੀ ਸਿੱਖਿਆ ਮਿਲਦੀ ਹੈ?

16. ਗੰਗਾਦੀਨ ਕੌਣ ਸੀ ਤੇ ਉਹ ਕੀ ਕੰਮ ਕਰਦਾ ਸੀ?

17. ਗੰਗ ਨਹਿਰ ਉੱਪਰ ਸੰਖੇਪ ਟਿੱਪਣੀ ਕਰੋ।

18. ਟਕਸਾਲੀ ਭਾਸ਼ਾ ਕਿਸ ਨੂੰ ਕਹਿੰਦੇ ਹਨ?

19. ਪੋਠੋਹਾਰੀ ਉਪਭਾਸ਼ਾ ਕਿਹੜੇ-ਕਿਹੜੇ ਇਲਾਕਿਆਂ ਵਿੱਚ ਬੋਲੀ ਜਾਂਦੀ ਹੈ ?

## ਖੰਡ (ੲ)

20-23 ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ:- $4 \times 4 = 16$

20. 'ਚਾਨਣ ਦੀ ਫੁਲਕਾਰੀ' ਕਾਵਿ ਰਚਨਾ ਦਾ ਕੇਂਦਰੀ ਭਾਵ ਸਪੱਸ਼ਟ ਕਰੋ।

ਜਾਂ

'ਮੂਰਖ ਨੋ ਅਸਵਾਰੀ' ਸਲੋਕ ਦਾ ਕੇਂਦਰੀ ਭਾਵ ਸਪੱਸ਼ਟ ਕਰੋ।

21. 'ਦੁੱਧ ਦਾ ਛੱਪੜ' ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

ਜਾਂ

'ਸਾਂਝੀ ਕੰਧ' ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

22. ਰਾਜਸਥਾਨ ਦੇ ਕਿਲ੍ਹਿਆਂ ਦੀਆਂ ਕੀ-ਕੀ ਵਿਸ਼ੇਸ਼ਤਾਵਾਂ ਹਨ?

ਜਾਂ

'ਫਲਾਇੰਗ ਸਿੱਖ -ਮਿਲਖਾ ਸਿੰਘ' ਨਿਬੰਧ ਦਾ ਸਾਰ ਲਿਖੋ।

23. ਭਾਸ਼ਾ ਅਤੇ ਉਪ-ਭਾਸ਼ਾ ਉੱਪਰ ਨੋਟ ਲਿਖੋ।

ਜਾਂ

'ਮਾਝੀ' ਅਤੇ 'ਮਲਵਈ' ਉਪਭਾਸ਼ਾ ਦੇ ਖੇਤਰਾਂ ਦੀ ਜਾਣਕਾਰੀ ਦਿਓ।

## ਖੰਡ (ਸ)

24. ਹੇਠ ਲਿਖੇ ਕਾਵਿ-ਬੰਦਾਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :- $2 + 3 = 5$

ਕੀ ਇਹ ਇਨਸਾਫ਼ ਹਉਮੈ ਦੇ ਪੁੱਤ ਕਰਨਗੇ
ਕੀ ਇਹ ਖ਼ਾਮੋਸ਼ ਪੱਥਰ ਦੇ ਬੁੱਤ ਕਰਨਗੇ
ਜੋ ਸਲੀਬਾਂ ਤੇ ਟੰਗੇ ਨੇ ਲੱਥਣੇ ਨਹੀਂ
ਰਾਜ ਬਦਲੇਂਣਗੇ ਸੂਰਜ ਚੜ੍ਹਨ ਲਹਿਣਗੇ।

ਜਾਂ

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ॥
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥
ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ॥

25. ਹੇਠ ਲਿਖੇ ਕਿਸੇ ਇੱਕ ਪੈਰ੍ਹੇ ਨਾਲ਼ ਸੰਬੰਧਤ ਪ੍ਰਸ਼ਨਾਂ ਦੇ ਉੱਤਰ ਲਿਖੋ:- 5 × 1 = 5

ਜੇ ਗੁਆਂਢ ਚੰਗਾ ਹੋਵੇ ਤਾਂ ਦੁੱਖ ਵੰਡੇ ਜਾਂਦੇ ਹਨ, ਸੁੱਖਾਂ ਦੀ ਘੜੀ ਚਾਰ ਗੁਣਾਂ ਹੋ ਜਾਂਦੀ ਹੈ। ਰਿਸ਼ਤੇਦਾਰ ਤਾਂ ਚੱਲ ਕੇ ਆਉਣਗੇ ਪਰ ਗੁਆਂਢੀ ਆਵਾਜ਼ ਮਾਰਨ ਤੇ ਹਾਜ਼ਰ ਹੋ ਸਕਦੇ ਹਨ। ਗੁਆਂਢ ਦੇ ਸਾਥ ਨਾਲ਼ ਦੀ ਕੋਈ ਚੀਜ਼ ਨਹੀਂ। ਗੁਆਂਢੀ ਨੇ ਹਮੇਸ਼ਾਂ ਤੁਹਾਡੇ ਜਨ-ਜੀਵਨ ਦਾ ਸਹਿ-ਪਾਤਰ ਬਣ ਕੇ ਨਿਭਣਾ ਹੁੰਦਾ ਹੈ। ਜਦੋਂ ਤੁਸੀਂ ਪੂਰੇ ਪਰਿਵਾਰ ਨਾਲ਼ ਕਿੱਧਰੇ ਬਾਹਰ ਜਾ ਰਹੇ ਹੁੰਦੇ ਹੋ ਤਾਂ ਗੁਆਂਢੀ ਪੂਰੀ ਮੁਸਤੈਦੀ ਨਾਲ਼ ਤੁਹਾਡੇ ਘਰ ਦੀ ਨਿਗਰਾਨੀ ਕਰ ਰਿਹਾ ਹੁੰਦਾ ਹੈ। ਆਪਣੇ ਨਿੱਤ ਦੇ ਕੰਮਾਂ-ਕਾਰਾਂ ਨੂੰ ਗੁਆਂਢੀ ਨਾਲ਼ ਸਾਂਝਿਆਂ ਕਰ ਕੇ ਉਸ ਨਾਲ ਅਪਣੱਤ ਵਧਾਈ ਜਾ ਸਕਦੀ ਹੈ।

(i) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਦਿਓ।

(ii) ਚੰਗੇ ਗੁਆਂਢ ਦੇ ਕਿਹੜੇ ਲਾਭ ਹਨ?

(iii) ਚੰਗਾ ਗੁਆਂਢੀ ਆਪਣਾ ਸਾਥ ਕਿਵੇਂ ਨਿਭਾਉਂਦਾ ਹੈ?

(iv) 'ਗੁਆਂਢ ਦੇ ਸਾਥ ਨਾਲ਼ ਦੀ ਕੋਈ ਰੀਸ ਨਹੀਂ' ਤੋਂ ਕੀ ਭਾਵ ਹੈ?

(v) ਔਖੇ ਸ਼ਬਦਾਂ ਦੇ ਅਰਥ ਲਿਖੋ:-

ਘੜੀ, ਮੁਸਤੈਦੀ, ਅਪਣੱਤ, ਨਿਗਰਾਨੀ

ਜਾਂ

ਪੱਤਝੜ ਦਾ ਮੌਸਮ ਆਉਣ 'ਤੇ ਰੁੱਖਾਂ ਦੇ ਪੱਤੇ ਝੜ ਜਾਂਦੇ ਹਨ। ਰੁੱਖ ਅਕਿਰਿਆਸ਼ੀਲ ਹੋ ਜਾਂਦੇ ਹਨ ਅਤੇ ਅਰਾਮ ਕਰਦੇ ਹਨ । ਬਸੰਤ ਰੁੱਤ ਆਉਣ 'ਤੇ ਦੁਬਾਰਾ ਕਿਰਿਆਸ਼ੀਲ ਹੋ ਜਾਂਦੇ ਹਨ ਅਤੇ ਨਵੇਂ ਪੱਤੇ ਪੈਦਾ ਹੁੰਦੇ ਹਨ। ਪੱਤੇ ਰੁੱਖਾਂ ਦੇ ਮਹੱਤਵਪੂਰਨ ਅੰਗ ਹਨ। ਪੱਤਿਆਂ 'ਤੇ ਛੋਟੇ-ਛੋਟੇ ਛੇਕ ਹੁੰਦੇ ਹਨ, ਜਿਨ੍ਹਾਂ ਨੂੰ ਸਟੋਮੇਟਾ ਕਹਿੰਦੇ ਹਨ। ਰੁੱਖ ਇਨ੍ਹਾਂ ਛੇਕਾਂ ਰਾਹੀਂ ਕਾਰਬਨ-ਡਾਈਆਕਸਾਈਡ ਲੈਂਦੇ ਹਨ ਅਤੇ ਆਕਸੀਜਨ ਗੈਸ ਨੂੰ ਹਵਾ ਵਿੱਚ ਛੱਡਦੇ ਹਨ। ਪੱਤੇ ਸੂਰਜ ਦੀ ਰੌਸ਼ਨੀ ਵਿੱਚ ਆਪਣਾ ਭੋਜਨ ਬਣਾਉਂਦੇ ਹਨ।

(i) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਦਿਓ।

(ii) ਰੁੱਖਾਂ ਦੇ ਪੱਤੇ ਕਿਹੜੇ ਮੌਸਮ ਵਿੱਚ ਝੜਦੇ ਹਨ?

(iii) ਰੁੱਖਾਂ ਦੇ ਪੱਤੇ ਦੁਬਾਰਾ ਕਿਰਿਆਸ਼ੀਲ ਕਦੋਂ ਹੁੰਦੇ ਹਨ?

(iv) ਰੁੱਖਾਂ ਤੋਂ ਸਾਨੂੰ ਕਿਹੜੀ ਗੈਸ ਮਿਲਦੀ ਹੈ ?

(v) ਔਖੇ ਸ਼ਬਦਾਂ ਦੇ ਅਰਥ ਲਿਖੋ:-

ਰੁੱਖ, ਰੁੱਤ, ਛੇਕ, ਭੋਜਨ

## ਖੰਡ (ਹ)

26. ਹੇਠ ਦਿੱਤੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਪਰ ਨਿਬੰਧ ਲਿਖੋ :- 6

(ੳ) ਗੁਰੂ ਨਾਨਕ ਦੇਵ ਜੀ

(ਅ) ਭ੍ਰਿਸ਼ਟਾਚਾਰ ਦੀ ਸਮੱਸਿਆ

(ੲ) ਵਿਦਿਆਰਥੀ ਅਤੇ ਅਨੁਸ਼ਾਸ਼ਨ

27. ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਜ਼ੁਰਮਾਨਾ ਮੁਆਫ਼ੀ ਸੰਬੰਧੀ ਬਿਨੈ-ਪੱਤਰ ਲਿਖੋ। 6

ਜਾਂ

ਦਸਵੀਂ ਦੀ ਪ੍ਰੀਖਿਆ ਵਿੱਚ ਵਧ ਰਹੀ ਨਕਲ ਨੂੰ ਨਕੇਲ ਪਾਉਣ ਲਈ ਬੋਰਡ ਦੇ ਸਕੱਤਰ ਨੂੰ ਪੱਤਰ ਲਿਖੋ।

ਜਾਂ

ਤੁਹਾਡਾ ਮਿੱਤਰ ਦਸਵੀਂ ਜਮਾਤ ਵਿੱਚੋਂ ਫੇਲ੍ਹ ਹੋ ਗਿਆ ਹੈ, ਉਸਦਾ ਹੌਂਸਲਾ ਵਧਾਉਣ ਲਈ ਪੱਤਰ ਲਿਖੋ।

28. ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ ਇੱਕ ਦਾ ਸੰਖੇਪ ਸਾਰ ਲਿਖੋ :- 6

(ੳ) ਗਗਨ ਮੈ ਥਾਲੁ (ਆਰਤੀ)

(ਅ) ਸੁਖੀ ਜੀਉਣ ਦੀ ਕੁੰਜੀ

(ੲ) ਬਸ ਕਰ ਜੀ ਹੁਣ ਬਸ ਕਰ ਜੀ

DO NOT WRITE ANYTHING HERE